
# ਪੰਜਾਬੀ ਨਾਟਕ ਦੀ ਸਮਾਜਿਕ ਸਚਾਈਆਂ ਬਾਰੇ ਅਹਿਮ ਭੂਮਿਕਾ

## ਕਲਾ ਤੇ ਜ਼ਿੰਦਗੀ



ਗੁਰਸ਼ਰਨ ਸਿੰਘ

ਪਿਛਲੇ ਦਿਨਾਂ ਵਿਚ ਪੰਜਾਬ ਸੰਗੀਤ ਨਾਟਕ ਅਕੈਡਮੀ ਵਲੋਂ ਮਿਥੇ ਗਏ ਇਕ ਰੂਬਰੂ ਸਮਾਗਮ ਵਿਚ ਮੈਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪੰਜਾਬੀ ਵਿਭਾਗ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਸੰਬੋਧਨ ਹੋਣ ਦਾ ਮੌਕਾ ਮਿਲਿਆ। ਉਥੇ ਹੋਏ ਸੰਵਾਦ ਦੇ ਕੁਝ ਅੰਸ਼ ਇਥੇ ਪਾਠਕਾਂ ਨਾਲ ਸਾਂਝੇ ਕਰ ਰਿਹਾ ਹਾਂ, ਕਿਉਂਕਿ ਨਾਟਕ ਦੀ ਸਮਾਜਿਕ ਭੂਮਿਕਾ ਇਸ ਸੰਵਾਦ ਵਿਚ ਉਭਰ ਕੇ ਆਉਂਦੀ ਹੈ।

ਇਹ ਹੁਣ ਇਕ ਸਥਾਪਤ ਸਚਾਈ ਹੈ ਕਿ ਸਮਾਜਿਕ ਵਰਤਾਰੇ ਬਾਰੇ ਕੋਈ ਟਿੱਪਣੀ ਕਰਨ ਲਈ ਨਾਟਕ ਵਿਧਾ ਇਕ ਸ਼ਕਤੀਸ਼ਾਲੀ ਵਿਧਾ ਹੈ। ਦਰਸ਼ਕਾਂ ਦੇ ਸਾਹਮਣੇ ਪੇਸ਼ ਹੁੰਦੀ ਇਕ ਜੀਂਦੀ-ਜਾਗਦੀ ਘਟਨਾ ਸਾਹਿਤ ਦੇ ਹੋਰ ਰੂਪਾਂ ਦੇ ਮੁਕਾਬਲੇ ਬਹੁਤਾ ਅਸਰ ਰੱਖਦੀ ਹੈ। ਸ਼ਰਤ ਇਹੀ ਹੈ ਕਿ ਉਹ ਘਟਨਾ ਐਵੇਂ ਹਾਸੋਹੀਣੇ ਰੂਪ ਵਿਚ ਪੇਸ਼ ਨਾ ਕੀਤੀ ਜਾਏ, ਸਗੋਂ ਅਦਾਕਾਰ ਉਹਦੇ ਨਾਲ ਪੂਰਾ ਇਨਸਾਫ ਕਰਨ। ਸਮਾਜਿਕ ਨਿਆਂ ਪ੍ਰਤੀ ਵਚਨਬੱਧ ਨਾਟਕਕਾਰ ਇਸ ਗੱਲ ਦਾ ਧਿਆਨ ਰੱਖਦੇ ਹਨ ਕਿ ਸੁਨੇਹਾ ਸਪਸ਼ਟ ਕਲਾਤਮਕ ਰੂਪ ਵਿਚ ਪੇਸ਼ ਹੋਏ।

ਪਹਿਲੀ ਨਵੰਬਰ ਗਦਰੀ ਬਾਬਿਆਂ ਦੇ ਮੇਲੇ ਵਿਚ ਕੇਵਲ ਧਾਲੀਵਾਲ ਵਲੋਂ ਨਾਟਕ 'ਲਾਲ ਬੱਤੀ' ਪੇਸ਼ ਕੀਤਾ ਗਿਆ। 'ਲਾਲ ਬੱਤੀ' ਬਲਦੇਵ ਸਿੰਘ ਮੋਗਾ ਦਾ ਮਕਬੂਲ ਨਾਵਲ ਹੈ। ਪਾਠਕਾਂ ਨੇ ਉਸ ਨਾਵਲ ਨੂੰ ਵੱਡੀ ਗਿਣਤੀ ਵਿਚ ਪੜ੍ਹਿਆ ਹੈ ਅਤੇ ਉਹਦੇ ਵਿਚ ਬਿਆਨ ਕੀਤੀਆਂ ਸਮਾਜਿਕ ਸਚਾਈਆਂ ਨੇ ਉਨ੍ਹਾਂ ਨੂੰ ਝੰਜੋੜਿਆ ਹੈ। ਜਦੋਂ ਇਹ ਨਾਵਲ ਦਸ ਹਜ਼ਾਰ ਲੋਕਾਂ ਅੱਗੇ ਨਾਟਕ ਦੇ ਰੂਪ ਵਿਚ ਪੇਸ਼ ਕੀਤਾ ਗਿਆ ਤਾਂ ਇਹਦਾ ਅਸਰ ਹੋਰ ਵੀ ਸ਼ਿੱਦਤ ਵਾਲਾ ਸੀ ਕਿਉਂਕਿ ਨਾਵਲ ਵਿਚਲਾ ਔਰਤ ਦਾ ਦਰਦ ਜੀਂਦੀਆਂ-ਜਾਗਦੀਆਂ ਔਰਤਾਂ ਦੇ ਰਾਹੀਂ ਦ੍ਰਿਸ਼ਮਾਨ ਸੀ। ਇਹ ਨਾਟਕ ਜਾਂ ਦ੍ਰਿਸ਼-ਕਲਾ ਦੀ ਪ੍ਰਾਪਤੀ ਹੈ।

ਪੰਜਾਬੀ ਨਾਟਕ ਬਾਰੇ ਉਹਦੇ ਭਵਿੱਖ ਬਾਰੇ ਕਈ ਕਿੰਤੂ ਉਠਾਏ ਜਾਂਦੇ ਹਨ, ਪਰ ਇਹ ਗੱਲ ਹੁਣ ਯਕੀਨ ਨਾਲ ਕਹੀ ਜਾ ਸਕਦੀ ਹੈ ਕਿ ਕਲਾ ਦੇ ਇਸ ਰੂਪ ਬਾਰੇ ਕੋਈ ਫਿਕਰ ਵਾਲੀ ਗੱਲ ਨਹੀਂ ਕਿਉਂਕਿ ਪੰਜਾਬੀ ਨਾਟਕ ਦੀ ਇਹ ਵਿਸ਼ੇਸ਼ਤਾ ਹੈ ਕਿ ਇਹ ਮੁੱਖ ਰੂਪ ਵਿਚ ਲੋਕਾਂ ਨਾਲ ਜੁੜਿਆ ਹੋਇਆ ਹੈ। ਉਂਜ ਇਹ ਗੱਲ ਹੁਣ ਸਾਹਿਤ ਅਤੇ ਚਿੱਤਰਕਲਾ ਉਤੇ ਵੀ ਲਾਗੂ ਹੁੰਦੀ ਹੈ। ਕਿਹਾ ਜਾਂਦਾ ਹੈ, ਕਿਤਾਬਾਂ ਲਈ ਹੁਣ ਪਾਠਕ ਮੌਜੂਦ ਨਹੀਂ ਪਰ ਇਥੇ ਫੇਰ ਗਦਰੀ ਬਾਬਿਆਂ ਦੇ ਮੇਲੇ ਦੀ ਮਿਸਾਲ ਹੈ। ਇਸ ਮੇਲੇ ਉਤੇ 14 ਬੁੱਕ ਸਟਾਲ ਲੱਗੇ ਅਤੇ ਕੁੱਲ ਮਿਲਾ ਕੇ ਉਥੇ ਇਕ ਲੱਖ ਪੱਚੀ ਹਜ਼ਾਰ ਰੁਪਏ ਦੀਆਂ ਕਿਤਾਬਾਂ ਵਿਕੀਆਂ। ਪਾਠਕ ਹਨ, ਜੇ ਉਨ੍ਹਾਂ ਨੂੰ ਕਿਤਾਬਾਂ ਸਹੀ ਰੂਪ ਵਿਚ ਵਾਜਬ ਕੀਮਤ ਵਿਚ ਪੁਚਾਈਆਂ ਜਾਣ।

ਚਿੱਤਰਕਲਾ ਬਾਰੇ ਵੀ ਕਿਹਾ ਜਾਂਦਾ ਹੈ ਕਿ ਸਾਧਾਰਨ ਲੋਕ ਇਸ ਕਲਾ ਵਿਚ ਦਿਲਚਸਪੀ ਨਹੀਂ ਰੱਖਦੇ। ਪਰ ਪਿਛਲੇ ਦਿਨਾਂ ਵਿਚ ਪੰਜਾਬ ਕਲਾ ਭਵਨ ਵਿਚ ਪੰਜਾਬ ਦੇ ਚੋਣਵੇਂ ਚਿੱਤਰਕਾਰਾਂ ਵਲੋਂ ਜਿਹੜੀ ਨੁਮਾਇਸ਼ ਲਗੀ ਹੈ ਉਹ ਵੇਖੀਏ ਤੇ ਚਿੱਤਰਕਲਾ ਬਾਰੇ ਇਕ ਵਿਸ਼ਵਾਸ ਪੈਦਾ ਹੁੰਦਾ ਹੈ। ਬੜੇ ਚਿਰਾਂ ਬਾਅਦ ਇਕ ਐਸੀ ਨੁਮਾਇਸ਼ ਵੇਖਣ ਦਾ ਮੌਕਾ ਮਿਲਿਆ, ਜਿਸ ਵਿਚ ਚਿੱਤਰਕਾਰਾਂ ਨੇ ਲੋਕਾਂ ਦੀ ਜ਼ਿੰਦਗੀ ਨਾਲ ਜੁੜਦੇ ਵਿਸ਼ਿਆਂ ਦੀ ਚੋਣ ਕੀਤੀ ਹੈ। ਨਹੀਂ ਤਾਂ ਕਿਸੇ ਵੇਲੇ ਰੁਝਾਨ ਹੀ ਆ ਗਿਆ ਸੀ ਕਿ ਚਿੱਤਰਕਾਰ ਸੁਪਨਮਈ ਪ੍ਰਭਾਵਾਂ ਨੂੰ ਆਪਣੇ ਚਿੱਤਰਾਂ ਵਿਚ ਚਿਤਰਦੇ ਸਨ ਜੋ ਆਮ ਲੋਕਾਂ ਦੀ ਸਮਝ ਤੋਂ ਬਾਹਰ ਹੁੰਦੇ ਸਨ। ਇਹ ਵੀ ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਇਹ ਨੁਮਾਇਸ਼ ਜੋ ਵੱਡੇ ਸ਼ਹਿਰਾਂ ਤੋਂ ਇਲਾਵਾ ਕਸਬਿਆਂ ਜਾਂ ਪਿੰਡਾਂ ਵਿਚ ਵੀ ਵਿਖਾਈ ਜਾਏ ਤਾਂ ਵੱਡੀ ਗਿਣਤੀ ਵਿਚ ਲੋਕ ਇਸ ਨੂੰ ਵਾਰਨ ਆਉਣਗੇ, ਕਿਉਂਕਿ ਇਹ ਅੱਖਾਂ ਦੀ ਤ੍ਰਿਪਤੀ ਕਰਦੀ ਹੈ। ਚਿੱਤਰਕਲਾਂ ਦੇ ਲੋਕਾਂ ਨਾਲ ਜੁੜਨ ਦੇ ਇਸ ਰੁਝਾਨ ਨੂੰ ਜੀ-ਆਇਆਂ ਆਖਣਾ ਬਣਦਾ ਹੈ।

ਨਾਟਕ ਦੀ ਗੱਲ ਕਰਦਿਆਂ ਇਹ ਕਿਹਾ ਜਾ ਸਕਦਾ ਹੈ ਕਿ ਇਹ ਵਿਧਾ ਸਮਾਜਿਕ ਸਚਾਈਆਂ ਨੂੰ ਪੇਸ਼ ਕਰਦੀ ਹੈ। ਪੰਜਾਬੀ ਨਾਟਕ ਦੀਆਂ ਇਸ ਦਿਸ਼ਾ ਵਿਚ ਬਹੁਤ ਪ੍ਰਾਪਤੀਆਂ ਹਨ ਕਿਉਂਕਿ ਬਹੁਤੇ ਨਾਟਕਕਾਰ ਸਮਾਜ ਪ੍ਰਤੀ ਵਚਨਬੱਧ ਹਨ ਅਤੇ ਨਿਆਸ਼ੀਲ ਸਮਾਜ ਵੇਖਣਾ ਚਾਹੁੰਦੇ ਹਨ। ਅਜਮੇਰ ਸਿੰਘ ਔਲਖ ਦਾ ਨਾਟਕ ਹੈ 'ਇਕ ਹੋਰ ਰਾਮਾਇਣ'। ਛੋਟੀ ਕਿਸਾਨੀ ਦਾ ਮਸਲਾ ਹੈ ਕਿ ਟੱਬਰ ਵਧਣ ਨਾਲ ਜ਼ਮੀਨ ਦੀ ਵੰਡ ਹੁੰਦੀ ਜਾਂਦੀ ਹੈ। ਜ਼ਮੀਨ ਦੇ ਮਾਲਕ ਦੋ ਭਰਾ ਹਨ। ਜੇ ਦੋਨੋਂ ਵਿਆਹੇ ਜਾਣ ਤਾਂ ਅੱਗੋਂ ਟੱਬਰ ਵਧੇਗਾ। ਇਸ ਮਸਲੇ ਦੇ ਹੱਲ ਵਜੋਂ ਇਕ ਭਰਾ ਜਦੋਂ ਆਪਣੀ ਪਤਨੀ ਨੂੰ ਸੁਝਾਅ ਦਿੰਦਾ ਹੈ ਕਿ ਉਹ ਆਪਣੇ ਛੜੇ ਜੇਠ ਨੂੰ ਵੀ ਖੁਸ਼ ਰੱਖਿਆ ਕਰੇ ਤਾਂ ਦਰਸ਼ਕਾਂ ਦੀ ਸੋਚ ਨੂੰ ਇਕ ਝਟਕਾ ਲਗਦਾ ਹੈ ਅਤੇ ਕਿਸਾਨੀ ਅਰਥਚਾਰੇ ਦੀ ਸਾਰੀ ਕਰੂਪਤਾ ਸਾਹਮਣੇ ਆ ਜਾਂਦੀ ਹੈ ਕਿ ਇਹ ਕਿਹੋ ਜਿਹਾ ਸਮਾਜ ਹੈ ਜਦੋਂ ਮਜਬੂਰੀ ਵੱਸ ਨੈਤਿਕਤਾ ਦੀ ਵੀ ਬਲੀ ਦੇਣੀ ਪੈਂਦੀ ਹੈ। ਇਹ ਵਰਤਾਰਾ ਪੰਜਾਬੀ ਸਾਹਿਤ ਦੀਆਂ ਬਹੁਤ ਸਾਰੀਆਂ ਕਹਾਣੀਆਂ ਅਤੇ ਨਾਵਲਾਂ ਵਿਚ ਵੀ ਪੇਸ਼ ਹੈ। ਪਰ ਉਹ ਸਾਹਿਤ ਉਨ੍ਹਾਂ ਨੂੰ ਪੜ੍ਹਨ ਦਾ ਮੌਕਾ ਨਹੀਂ ਮਿਲਦਾ ਜਿਨ੍ਹਾਂ ਨਾਲ ਉਹ ਸਬੰਧਤ ਹੈ। ਪਰ ਨਾਟਕ ਜਦੋਂ ਕਿਸੇ ਪਿੰਡ ਵਿਚ ਹੁੰਦਾ ਹੈ ਤਾਂ ਉਹਦਾ ਸੰਚਾਰ ਸਿੱਧਾ ਉਨ੍ਹਾਂ ਮਰਦਾਂ ਜਾਂ ਔਰਤਾਂ ਤਕ ਹੁੰਦਾ ਹੈ ਜਿਹੜੇ ਇਸ ਸੰਤਾਪ ਨੂੰ ਭੋਗਦੇ ਹਨ। ਸਮਾਜਕ ਚੇਤਨਾ ਨੂੰ ਪ੍ਰਚੰਡ ਕਰਨ ਲਈ ਇਹ ਨਾਟਕ ਦੀ ਭੂਮਿਕਾ ਹੈ।

ਮੇਰੇ ਆਪਣੇ ਨਾਟਕਾਂ ਵਿਚੋਂ ਬਹੁਤੇ ਨਾਟਕ ਉਹ ਹੁੰਦੇ ਹਨ, ਜੋ ਕਿਸੇ ਮਸਲੇ ਨੂੰ ਸੰਬੋਧਨ ਹੁੰਦੇ ਹਨ। ਪਿਛਲੇ ਦੋ ਸਾਲਾਂ ਵਿਚ ਮੇਰਾ ਸਾਰਿਆਂ ਨਾਲੋਂ ਮਕਬੂਲ ਨਾਟਕ 'ਲਾਰੇ' ਰਿਹਾ ਹੈ। ਇਹ ਸਮੇਂ ਦੀ ਸਰਕਾਰ ਦੇ ਝੂਠੇ ਵਾਅਦਿਆਂ ਉਤੇ ਵਿਅੰਗ ਹੈ, ਇਨ੍ਹਾਂ ਬਾਰੇ ਅਖਬਾਰਾਂ ਵਿਚ ਰੋਜ਼ ਜ਼ਿਕਰ ਆਉਂਦਾ ਹੈ ਪਰ ਜਦੋਂ ਇਹ ਨਾਟਕ ਦੀ ਵਿਧਾ ਰਾਹੀਂ ਪੇਸ਼ ਕੀਤਾ ਜਾਂਦਾ ਹੈ ਤਾਂ ਜਿਹਦਾ ਪ੍ਰਭਾਵ ਆਪਣਾ ਹੀ ਹੁੰਦਾ ਹੈ। ਇਹ ਇਕ ਬੁੱਢੇ-ਬੁੱਢੀ ਦਾ ਦੁਖਾਂਤ ਹੈ ਜੋ ਬੁਢਾਪਾ ਪੈਨਸ਼ਨ ਦੀ ਉਡੀਕ ਕਰ ਰਹੇ ਹਨ ਪਰ ਉਹ ਪੈਨਸ਼ਨ ਆਉਂਦੀ ਨਹੀਂ। ਸਿਖਰ ਹੈ ਜਦੋਂ ਉਨ੍ਹਾਂ ਦੇ ਮੂੰਹੋਂ ਸਿਆਪੇ ਦੇ ਰੂਪ ਵਿਚ ਇਹ ਬਦ-ਦੁਆ ਨਿਕਲਦੀ ਹੈ, ''ਸਾਨੂੰ ਝੂਠੇ ਲਾਰੇ ਲਾਉਣ ਵਾਲਿਓ, ਤੁਹਾਡਾ ਕੱਖ ਨਾ ਰਹੇ।''

ਇਸੇ ਰੌਂਅ ਵਿਚ ਅੱਜ ਦਾ ਮਕਬੂਲ ਨਾਟਕ ਹੈ 'ਰਾਜ ਮਹਾਰਾਜਾ ਰਣਜੀਤ ਸਿੰਘ ਦਾ, ਉਰਫ ਇਨਾਮ'। ਇਹ ਸਰਕਾਰ ਦੇ ਸਾਰੇ ਝੂਠੇ ਦਾਅਵਿਆਂ ਉਤੇ ਵਿਅੰਗ ਹੈ ਅਤੇ ਇਨ੍ਹਾਂ ਦਾ ਵੀ ਸਿੱਖਰ ਹੈ, ''ਰਾਜਿਆ ਰਾਜ ਕਰੇਂਦਿਆ, ਝੂਠੇ ਤੇਰੇ ਨਾਅਰੇ, ਬੇੜੀ ਡੁੱਬਣੀ ਤੇਰੇ ਰਾਜ ਦੀ, ਲੱਗਣੀ ਨਹੀਂ ਕਿਨਾਰੇ''। ਨਾਟਕ ਦੀ ਆਪਣੀ ਰਾਜਸੀ ਸ਼ਕਤੀ ਹੈ। ਲੋਕ ਸਿਆਣੇ ਅਤੇ ਚੇਤੰਨ ਹੋਣਗੇ ਤਾਂ ਉਹ ਗਲਤ ਪ੍ਰਬੰਧ ਨੂੰ ਬਦਲਣਗੇ।

ਇਸੇ ਪ੍ਰਸੰਗ ਵਿਚ ਮੈਂ ਬਹੁਤ ਵਾਰੀ ਆਪਣੇ ਨਾਟਕ 'ਟੁੰਡਾ ਹੋਲਦਾਰ' ਦੀ ਮਿਸਾਲ ਦਿੰਦਾ ਹਾਂ। ਇਹ 1989 ਵਿਚ ਲਿਖਿਆ ਗਿਆ ਸੀ। ਇਸ ਵਿਚ ਉਸ ਦੌਰ ਦੀਆਂ ਕੁਝ ਸਚਾਈਆਂ ਮੌਜੂਦ ਹਨ। 'ਟਾਂਡਾ ਹੋਲਦਾਰ', ਜਿਹੜਾ ਜੰਗ ਵਿਚ ਆਪਣੀ ਬਾਂਹ ਗਵਾ ਬੈਠਾ ਹੈ, ਦੇ ਮੁੱਖ ਉਤੇ ਹੁਣ ਤੀਸਰੀ ਅੱਖ ਹੈ। ਉਹ ਦੇਖ ਸਕਦਾ ਹੈ ਕਿ ਨਿਮਨ ਵਰਗ ਦਾ ਇਕ ਲਾਇਕ ਮੁੰਡਾ ਭਾਵੇਂ ਰਾਖਵੇਂਕਰਨ ਵਿਚ ਅਫਸਰ ਬਣ ਗਿਆ ਹੈ ਪਰ ਪਿੰਡ ਦੇ ਉੱਚੀ ਜਾਤ ਵਾਲੇ ਉਨ੍ਹਾਂ ਨੂੰ ਸਵੀਕਾਰ ਨਹੀਂ ਕਰਦੇ। ਉਹ ਦੇਖ ਸਕਦਾ ਹੈ ਕਿ ਪਿੰਡ ਵਿਚ ਰਹਿੰਦਾ ਵੱਡਾ ਲੇਖਕ ਲਿਖਦਾ ਤਾਂ ਜਾਤ-ਪਾਤ ਦੇ ਫਰਕ ਦੇ ਵਿਰੁੱਧ ਹੈ ਪਰ ਇਹ ਬਰਦਾਸ਼ਤ ਨਹੀਂ ਕਰ ਸਕਦਾ ਕਿ ਉਹਦੀ ਆਪਣੀ ਧੀ ਆਪਣੀ ਪਸੰਦ ਦੇ ਕਿਸੇ ਨਿਮਨ ਵਰਗ ਦੇ ਮੁੰਡੇ ਨਾਲ ਵਿਆਹ ਕਰੇ। ਉਹ ਵੇਖ ਸਕਦਾ ਹੈ ਕਿ ਪੁਲੀਸ ਦੇ ਸਾਰੇ ਵਰਤਾਰੇ ਵਿਚ ਕਿਸ ਤਰ੍ਹਾਂ ਝੂਠ ਹੈ। ਉਹ ਵੇਖ ਸਕਦਾ ਹੈ ਕਿ ਧਾਰਮਿਕ ਕਾਨੂੰਨ ਕਿਸ ਤਰ੍ਹਾਂ ਨੌਜਵਾਨਾਂ ਨੂੰ ਅੰਨ੍ਹੀ ਗਲੀ ਵੱਲ ਲਿਜਾ ਰਿਹਾ ਹੈ।

ਨਾਟਕਕਾਰ ਇਹ ਦਾਅਵਾ ਕਰ ਸਕਦੇ ਹਨ ਕਿ ਪੰਜਾਬ ਦੇ ਸੰਕਟ ਕਾਲ ਵਿਚ ਲਿਖੇ ਨਾਟਕ 'ਰਿਸ਼ਤਿਆਂ ਦਾ ਕੀ ਰੱਖੀਏ ਨਾਂ', 'ਅੰਨ੍ਹੇ ਨਿਸ਼ਾਨਚੀ', 'ਬਾਬਾ ਬੋਲ ਦਾ ਹੈ', ਆਦਿ ਇਤਿਹਾਸਕ ਅਹਿਮੀਅਤ ਰੱਖਦੇ ਹਨ। ਜਦੋਂ ਇਸ ਦੌਰ ਦਾ ਇਤਿਹਾਸ ਲਿਖਿਆਂ ਜਾਵੇਗਾ ਤਾਂ ਉਨ੍ਹਾਂ ਦੀ ਭੂਮਿਕਾ ਦੀ ਪਹਿਚਾਣ ਜ਼ਰੂਰੀ ਹੋਵੇਗੀ।

ਸਾਹਿਤ ਜਾਂ ਕਲਾਂ ਬਾਰੇ ਇਹ ਮਿਆਰ ਮਿਥੇ ਜਾਂਦੇ ਹਨ ਕਿ ਉਹ ਸਮਾਜਕ ਸਚਾਈ ਨੂੰ ਇਕ-ਪਰਤੀ ਨਾ ਵੇਖਣ, ਸਗੋਂ ਇਹ ਬਹੁਪਰਤੀ ਹੈ। ਇਹ ਸਹੀ ਹੈ ਪਰ ਇਸ ਗੱਲ ਦਾ ਧਿਆਨ ਰੱਖਣਾ ਵੀ ਜ਼ਰੂਰੀ ਹੈ ਕਿ ਇਹ ਬਹੁਪਰਤੀ ਹੁੰਦੇ ਹੁੰਦੇ ਲੋਕਾਂ ਦੀ ਸਮਝ ਤੋਂ ਬਾਹਰ ਹੀ ਨਾ ਹੋ ਜਾਣ।

ਨਾਟਕ ਵਿਧਾ ਦੀ ਇਹ ਵਿਸ਼ੇਸ਼ਤਾ ਹੈ ਕਿ ਇਹ ਦ੍ਰਿਸ਼-ਕਲਾ ਹੈ। ਇਸ ਲਈ ਇਹ ਤਾਂ ਹੀ ਸਫਲ ਹੈ ਜੇ ਇਹਦਾ ਸੰਚਾਰ ਉਨ੍ਹਾਂ ਲੋਕਾਂ ਤਕ ਰਹੇ ਜਿਨ੍ਹਾਂ ਦੇ ਮਸਲੇ ਇਸ ਦਾ ਵਿਸ਼ਾ ਹਨ। ਪੰਜਾਬੀ ਨਾਟਕ ਇਸ ਬਾਰੇ ਖਬਰਦਾਰ ਹੈ ਅਤੇ ਇਹੀ ਤੱਥ ਇਹਦੇ ਭਵਿੱਖ ਨੂੰ ਸੁਰੱਖਿਅਤ ਕਰਦਾ ਹੈ।